# Orientation to Ontario

**1-855-626-0002**
https://settlement.org/o2o

## ਇਮੀਗ੍ਰੇਸ਼ਨ

### ਪੱਕੇ ਵਸਨੀਕ ਦਾ ਦਰਜਾ

ਅਪਰਚੁਨਿਟੀਜ਼ ਓਂਟਾਰੀਓ (ਓਂਟਾਰੀਓ ਵਿੱਚ ਮੌਕੇ): ਓਂਟਾਰੀਓ ਇਮੀਗ੍ਰੈਂਟ ਨੌਮਿਨੀ ਪ੍ਰੋਗਰਾਮ (OINP) ਸੂਬੇ ਵਿੱਚ ਪਹਿਲਾਂ ਤੋਂ ਮੰਜ਼ੂਰਸ਼ੁਦਾ ਨੌਕਰੀ ਦੀ ਪੇਸ਼ਕਸ਼ ਦੇ ਅਧਾਰ 'ਤੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪੱਕੇ ਵਸਨੀਕ ਦੇ ਦਰਜੇ ਲਈ ਨਾਮਜ਼ਦ ਕੀਤਾ ਜਾ ਸਕਦਾ ਹੈ।

ਓਂਟਾਰੀਓ ਵਿੱਚ ਮੌਕੇ ਬਾਰੇ ਹੋਰ ਜਾਣਕਾਰੀ ਲਈ 1-800-267-7329 'ਤੇ ਕਾਲ ਕਰੋ ਜਾਂ: ontarioimmigration.ca ਜਾਂ findlink.at/ONT_PNP 'ਤੇ ਜਾਓ।

### The Opportunities Ontario Program

ਐਕਸਪ੍ਰੈਸ ਐਂਟਰੀ ਸਿਸਟਮ (Express Entry System) ਹੇਠ ਅਪਰਚੁਨਿਟੀਜ਼ ਓਂਟਾਰੀਓ ਪ੍ਰੋਗਰਾਮ ਦੀਆਂ ਵੱਖ-ਵੱਖ ਸਟ੍ਰੀਮਾਂ ਹਨ:

**Foreign Worker Stream** (ਵਿਦੇਸ਼ੀ ਵਰਕਰ ਸਟ੍ਰੀਮ) – ਮੈਨੇਜਰ ਸਬੰਧੀ, ਪੇਸ਼ੇਵਰ ਜਾਂ ਕੁਸ਼ਲ ਵਪਾਰ ਦਾ ਅਹੁਦਾ ਭਰਨ ਲਈ ਇੱਕ ਨੌਕਰੀਦਾਤਾ ਮੰਜ਼ੂਰਸ਼ੁਦਾ ਅਹੁਦਾ ਹੋਣ ਲਈ ਅਪਲਾਈ ਕਰ ਸਕਦਾ ਹੈ। ਅਹੁਦਾ ਮੰਜ਼ੂਰ ਹੁੰਦਿਆਂ ਸਾਰ ਹੀ ਵਿਦੇਸ਼ੀ ਵਰਕਰ OINP ਅਰਜ਼ੀ ਭਰ ਸਕਦਾ ਹੈ।

### Human Capital Stream - ਹਿਊਮਨ ਕੈਪੀਟਲ ਸਟ੍ਰੀਮ

ਕਨੇਡਾ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਗ੍ਰੈਜੂਏਟ ਓਂਟਾਰੀਓ ਵਿੱਚ ਦੋ ਸਾਲ ਦਾ ਡਿਪਲੋਮਾ ਜਾਂ ਡਿਗ੍ਰੀ ਪ੍ਰੋਗਰਾਮ ਜਾਂ ਇੱਕ ਸਾਲ ਦਾ ਪੋਸਟ ਗ੍ਰੈਜੂਏਟ ਸਰਟੀਫ਼ਿਕੇਟ ਪ੍ਰੋਗਰਾਮ ਪੂਰਾ ਕਰਨ ਦੇ ਦੋ ਸਾਲਾਂ ਦੇ ਅੰਦਰ ਅਪਲਾਈ ਕਰ ਸਕਦੇ ਹਨ। ਬਿਨੈਕਾਰ ਕੋਲ ਮੈਨੇਜਰ ਸਬੰਧੀ, ਪੇਸ਼ੇਵਰ ਜਾਂ ਕੁਸ਼ਲ ਵਪਾਰ ਦੇ ਅਹੁਦੇ 'ਤੇ ਪੂਰੇ ਸਮੇਂ ਦੇ ਪੱਕੇ ਕੁਸ਼ਲ ਕੰਮ ਦੀ ਪੇਸ਼ਕਸ਼ ਜ਼ਰੂਰ ਕੀਤੀ ਗਈ ਹੋਣੀ ਚਾਹੀਦੀ ਹੈ। ਨੌਕਰੀਦਾਤਾ ਨੂੰ ਅਪਰਚੁਨਿਟੀਜ਼ ਓਂਟਾਰੀਓ ਵਲੋਂ ਮੰਜ਼ੂਰਸ਼ੁਦਾ ਨੌਕਰੀ ਹੋਣ ਲਈ ਹੀ ਅਪਲਾਈ ਕਰਨਾ ਚਾਹੀਦਾ ਹੈ।

### Ph.D. and Masters Graduates - Ph.D. ਅਤੇ ਮਾਸਟਰਸ ਗ੍ਰੈਜੂਏਟਸ

ਇੱਕ ਯੋਗ ਓਂਟਾਰੀਓ ਯੂਨੀਵਰਸਿਟੀ ਵਿਖੇ Ph.D. ਦੇ ਗ੍ਰੈਜੂਏਟਸ ਜਾਂ ਮਾਸਟਰਸ ਪ੍ਰੋਗਰਾਮ ਪੂਰਾ ਕਰਨ ਤੋਂ ਬਾਅਦ ਦੋ ਸਾਲ ਤੱਕ ਅਪਲਾਈ ਕਰ ਸਕਦੇ ਹਨ। ਕਿਸੇ ਨੌਕਰੀ ਦੀ ਪੇਸ਼ਕਸ਼ ਦੀ ਲੋੜ ਨਹੀਂ ਹੈ।

### ਪੱਕੇ ਵਸਨੀਕ ਦੇ ਦਰਜੇ ਲਈ ਫ਼ੈਡਰਲ ਪ੍ਰੋਗਰਾਮ

ਹੇਠਾਂ ਦਿੱਤੇ ਫ਼ੈਡਰਲ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ ਇਮੀਗ੍ਰੇਸ਼ਨ, ਸ਼ਰਣਾਰਥੀ ਅਤੇ ਨਾਗਰਿਕਤਾ ਕਨੇਡਾ: canada.ca ਜਾਂ findlink.at/applyImmCa 'ਤੇ ਜਾਓ।

**ਕਨੇਡਾ ਦਾ ਅਨੁਭਵੀ ਵਰਗ (Canadian Experience Class)**

ਉਹਨਾਂ ਲੋਕਾਂ ਲਈ, ਜਿਹਨਾਂ ਨੂੰ ਮੈਨੇਜਰ ਸਬੰਧੀ, ਪੇਸ਼ੇਵਰ ਜਾਂ ਕੁਸ਼ਲ ਵਪਾਰ ਅਹੁਦੇ ਵਿੱਚ ਕਨੇਡਾ ਵਿੱਚ ਘੱਟੋ-ਘੱਟ 12 ਮਹੀਨਿਆਂ ਲਈ ਪੂਰੇ ਸਮੇਂ ਦਾ ਕੰਮ ਕਰਨ ਦਾ ਅਨੁਭਵ ਹੈ।

**ਫ਼ੈਡਰਲ ਕੁਸ਼ਲ ਵਰਕਰ (Federal Skilled Workers)**

ਉਹਨਾਂ ਲੋਕਾਂ ਲਈ, ਜੋ ਕੁਸ਼ਲ ਕੰਮ ਦੇ ਅਨੁਭਵ, ਸਿੱਖਿਆ, ਭਾਸ਼ਾ ਦੀ ਸਮਰੱਥਾ ਵਰਗੀਆਂ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਕਨੇਡਾ ਵਿੱਚ ਆਪਣੇ ਆਪ ਦੀ ਅਤੇ ਆਪਣੇ ਪਰਿਵਾਰ ਦੀ ਮਦਦ ਕਰਨ ਲਈ ਕਾਫ਼ੀ ਪੈਸਾ ਹੈ।

**Skilled Trades - ਕੁਸ਼ਲ ਵਪਾਰ**

ਇਹ ਸ਼੍ਰੇਣੀ ਉਹਨਾਂ ਲੋਕਾਂ ਲਈ ਹੈ, ਜਿਹਨਾਂ ਕੋਲ ਕੁਸ਼ਲ ਵਪਾਰ ਵਿੱਚ ਘੱਟੋ-ਘੱਟ ਦੋ ਸਾਲ ਦੇ ਪੂਰੇ ਸਮੇਂ ਦੇ ਕੰਮ ਦਾ ਅਨੁਭਵ ਹੈ ਅਤੇ ਉਸ ਕੋਲ ਪੂਰੇ ਸਮੇਂ ਦੇ ਰੋਜ਼ਗਾਰ ਦੀ ਪੇਸ਼ਕਸ਼ ਹੈ ਜਾਂ ਆਪਣੇ ਵਪਾਰ ਵਿੱਚ ਯੋਗਤਾ ਦਾ ਓਂਟਾਰੀਓ ਦਾ ਸਰਟੀਫ਼ਿਕੇਟ ਹੈ।

Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

### Investors and Entrepreneurs - ਨਿਵੇਸ਼ਕ ਅਤੇ ਉੱਦਮੀ

ਉਹਨਾਂ ਲੋਕਾਂ ਲਈ ਹੈ, ਜਿਹਨਾਂ ਕੋਲ ਕਨੇਡਾ ਵਿੱਚ ਜਾਂ ਤਾਂ ਨਿਯੁਕਤ ਕੀਤਾ ਗਿਆ ਨਿਵੇਸ਼ਕ ਸਮੂਹ ਜਾਂ ਵੈਂਚਰ ਕੈਪੀਟਲ ਫ਼ੰਡ ਤੋਂ ਵਪਾਰ ਵਿੱਚ ਘੱਟੋ-ਘੱਟ ਪੂੰਜੀਕਾਰੀ ਹੈ।

### Self-Employed People - ਸਵੈ-ਰੋਜ਼ਗਾਰ ਲੋਕ

ਇਹ ਸ਼੍ਰੇਣੀ ਉਹਨਾਂ ਲੋਕਾਂ ਲਈ ਹੈ, ਜਿਹਨਾਂ ਦਾ ਇਰਾਦਾ ਓਂਟਾਰੀਓ ਵਿੱਚ ਸੱਭਿਆਚਾਰਕ ਸਰਗਰਮੀਆਂ, ਐਥਲੈਟਿਕਸ ਜਾਂ ਖੇਤੀ-ਪ੍ਰਬੰਧ ਦੇ ਖੇਤਰਾਂ ਵਿੱਚ ਸਵੈ-ਰੋਜ਼ਗਾਰ ਬਣਨਾ ਹੈ।

### Family Sponsorship - ਪਰਿਵਾਰ ਦੀ ਸਪਾਂਸਰਸ਼ਿਪ

ਪੱਕੇ ਵਸਨੀਕ ਜਾਂ ਕਨੇਡਾ ਦੇ ਨਾਗਰਿਕ ਇੱਥੇ ਇਮੀਗ੍ਰੇਟ ਕਰਾਉਣ ਲਈ ਪਰਿਵਾਰ ਦੇ ਕੁੱਝ ਮੈਂਬਰਾਂ ਨੂੰ ਸਪਾਂਸਰ ਕਰ ਸਕਦੇ ਹਨ। ਪਰਿਵਾਰ ਦੇ ਹੱਕਦਾਰ ਮੈਂਬਰਾਂ ਵਿੱਚ ਜੀਵਨ-ਸਾਥੀ, ਆਸਰਿਤ ਬੱਚੇ, ਮਾਤਾ-ਪਿਤਾ ਅਤੇ ਦਾਦਾ-ਦਾਦੀ/ਨਾਨਾ-ਨਾਨੀ ਅਤੇ ਹੋਰ ਵਿਸ਼ੇਸ਼ ਰਿਸ਼ਤੇਦਾਰ ਸ਼ਾਮਿਲ ਹਨ। ਇਹ ਦਰਸਾਉਣ ਲਈ ਕਿ ਸਪਾਂਸਰ ਕਰਨ ਵਾਲੇ ਆਪਣੇ ਪਰਿਵਾਰ ਦੀ ਮਦਦ ਕਰ ਸਕਦੇ ਹਨ, ਨੂੰ ਆਮਦਨ ਦੀਆਂ ਸ਼ਰਤਾਂ ਜ਼ਰੂਰ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

### Live-In Caregivers - ਲਿਵ-ਇਨ ਕੇਅਰਗਿਵਰ

ਯੋਗਤਾ ਪ੍ਰਾਪਤ ਵਰਕਰ ਬੱਚਿਆਂ, ਵੱਡੀ ਉਮਰ ਦੇ ਲੋਕਾਂ ਜਾਂ ਅਸਮਰਥ (ਅਪਾਹਜ) ਲੋਕਾਂ ਲਈ ਲਿਵ-ਇਨ ਕੇਅਰਗਿਵਰ ਬਣਨ ਲਈ ਅਪਲਾਈ ਕਰ ਸਕਦੇ ਹਨ। ਕੇਅਰਗਿਵਰਾਂ ਦਾ ਕਨੇਡਾ ਵਿੱਚ ਰੋਜ਼ਗਾਰਦਾਤਾ ਨਾਲ ਇੱਕ ਲਿਖਤੀ ਇਕਰਾਰਨਾਮਾ ਜ਼ਰੂਰ ਹੋਣਾ ਚਾਹੀਦਾ ਹੈ। ਦੋ ਸਾਲ ਲਈ ਪੂਰਾ ਸਮਾਂ ਕੰਮ ਕਰਨ ਤੋਂ ਬਾਅਦ, ਲਿਵ-ਇਨ ਕੇਅਰਗਿਵਰ ਪੱਕੇ ਵਸਨੀਕ ਦੇ ਦਰਜੇ ਲਈ ਅਪਲਾਈ ਕਰ ਸਕਦੇ ਹਨ।

